(8)

ਦਫਤਰ ਰਜਿਸਟਰਾਰ ਸਹਿਕਾਰੀ ਸਭਾਵਾਂ,ਪੰਜਾਬ,ਚੰ

(ਰਿਣ ਸ਼ਾਖਾ-2)

ਵੱਲ

ਸਮੂਹ ਸੰਯੁਕਤ/ਉਪ/ਸਹਾਇਕ ਰਜਿਸਟਰਾਰ,
ਸਹਿਕਾਰੀ ਸਭਾਵਾਂ (ਖੇਤਰ ਵਿੱਚ)।

ਮੀਮੋ ਨੰ:ਰਸਸ/ਰਿਣ-2/ 837
ਮਿਤੀ 05-12-2018

ਵਿਸ਼ਾ :- ਮੁਢਲੀਆਂ ਖੇਤੀਬਾੜੀ ਸਹਿਕਾਰੀ ਸਭਾਵਾਂ/ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸਹਿਕਾਰੀ ਸਭਾਵਾਂ ਵਿੱਚ ਮੁਲਾਜ਼ਮਾਂ ਦੀ ਭਰਤੀ ਸਬੰਧੀ।

ਹਵਾਲਾ:- ਮੁੱਖ ਦਫ਼ਤਰ ਦਾ ਪੱਤਰ ਨੰ:ਰਸਸ/ਰਿਣ-2/6601 ਮਿਤੀ 14/8/2014

ਉਪਰੋਕਤ ਵਿਸ਼ੇ ਸਬੰਧੀ ਹਵਾਲਾ ਅਧੀਨ ਦਰਜ ਪੱਤਰ ਦੀ ਲਗਾਤਾਰਤਾ ਵਿੱਚ ਹਦਾਇਤ ਕੀਤੀ ਜਾਂਦੀ ਹੈ ਕਿ ਹਵਾਲਾ ਅਧੀਨ ਦਰਜ ਪੱਤਰ ਦੇ ਨੁਕਤਾ ਨੰ:4 ਦੀ ਪਾਲਣਾ ਲਾਜ਼ਮੀ ਤੌਰ ਤੇ ਕਰਨੀ ਯਕੀਨੀ ਬਣਾਈ ਜਾਵੇ।ਜਿਸ ਸਭਾ ਵਿੱਚ ਇਕਲੌਤੇ ਸਕੱਤਰ/ਸੇਲਜ਼ਮੈਨ ਦੀ ਸੇਵਾ ਮੁਕਤੀ ਵਿੱਚ ਲੱਗ-ਭੱਗ 4 ਤੋਂ 5 ਮਹੀਨੇ ਦਾ ਸਮਾਂ ਰਹਿੰਦਾ ਹੈ।ਉਸ ਸਭਾ ਵਿੱਚ ਭਰਤੀ ਸਬੰਧੀ ਸਮੇਂ ਸਿਰ ਕਾਰਵਾਈ ਪਹਿਲਾਂ ਹੀ ਸ਼ੁਰੂ ਕੀਤੀ ਜਾਵੇ ਤਾਂ ਜੋ ਸਕੱਤਰ/ਸੇਲਜ਼ਮੈਨ ਦੇ ਰਿਟਾਇਰ ਹੋਣ ਤੋਂ ਪਹਿਲਾਂ ਪਹਿਲਾਂ ਨਵਾਂ ਸੇਲਜ਼ਮੈਨ ਮਾਣਯੋਗ ਰਸਸ ਜੀ ਦੀਆਂ ਸਮੇਂ ਸਮੇਂ ਜਾਰੀ ਹੋਈਆਂ ਹਦਾਇਤਾਂ ਅਨੁਸਾਰ ਸਭਾ ਵਿੱਚ ਨਿਯੁਕਤ ਕੀਤਾ ਜਾ ਸਕੇ ਅਤੇ ਇੱਕ ਸਭਾ ਦੇ ਸਕੱਤਰ/ਸੇਲਜ਼ਮੈਨ ਨੂੰ ਦੂਜੀ ਸਭਾ ਦਾ ਵਾਧੂ ਚਾਰਜ ਨਾਂ ਦਿੱਤਾ ਜਾਵੇ।

ਵਧੀਕ ਰਜਿਸਟਰਾਰ (ਰਿਣ)

ਪਿੱਠ ਅੰਕਣ ਨੰ: ਰਸਸ/ਰਿਣ-2/ 838 ਮਿਤੀ 05-12-2018

ਉਪਰੋਕਤ ਦਾ ਉਤਾਰਾ ਹੇਠ ਲਿਖੇ ਅਨੁਸਾਰ ਸੂਚਨਾ/ਅਗਲੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਅਧੀਨ ਸਕੱਤਰ ਸਹਿਕਾਰਤਾ,ਪੰਜਾਬ ਸਰਕਾਰ,ਸਹਿਕਾਰਤਾ ਵਿਭਾਗ (ਸਹਿਕਾਰਤਾ-1 ਸ਼ਾਖਾ) ਨੂੰ ਸਰਕਾਰ ਦੇ ਪੱਤਰ ਨੰ:70/93/2016-ਸੀ-2(1)/5996 ਮਿਤੀ 23/7/18 ਦੇ ਹਵਾਲੇ ਵਿੱਚ ਭੇਜਿਆ ਜਾਂਦਾ ਹੈ ਜੀ।
2. ਐੱਮ.ਡੀ,ਪਨਕੋਫੈੱਡ ਨੂੰ ਇਹ ਪੱਤਰ ਪੰਜਾਬ ਕੋਆਪ੍ਰੇਸ਼ਨ ਰਸਾਲੇ ਵਿੱਚ ਛਾਪਣ ਲਈ ਭੇਜਿਆ ਜਾਂਦਾ ਹੈ।

ਵਧੀਕ ਰਜਿਸਟਰਾਰ (ਰਿਣ)

Scanned with CamScanner

## ਦਫਤਰ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਚੰਡੀਗੜ੍ਹ

(ਰਿਣ-2 ਸ਼ਾਖਾ)

ਸੇਵਾ ਵਿਖੇ

ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਖੇਤਰ ਵਿਚ।

ਮੀਮੋ ਨੰ:ਰਸਸ/ਰਿਣ-2/ਸੀਈਏ-4/ 1022-24 ਮਿਤੀ 27-01-2020

ਵਿਸ਼ਾ: ਸਭਾਵਾਂ ਵਿਚ ਨਿਯੁਕਤੀ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਸਭਾਵਾਂ ਵਿਚ ਨਿਯੁਕਤੀ ਲਈ ਹੇਠ ਲਿਖੀਆਂ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ:

''To bring transparency in recruitment, instructions may be issued to all concerned that as and when any direct recruitment is made in any kind of society, a copy of the advertisement of the same should also be ensured to be uploaded on the website of the department through the computer cell of RCS office. It should also be ensured that the advertisement should be uploaded and published in the newspaper simultaneously i.e. on the same day."

ਕੇ, ਸੰਯੁਕਤ ਰਜਿਸਟਰਾਰ (1)

# ਦਫਤਰ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ।
## (ਰਿਣ-2 ਸ਼ਾਖਾ)

ਹੁਕਮ

ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਸਭਾਵਾਂ ਵਿਚ ਕਰਮਚਾਰੀਆਂ ਦੀ ਭਰਤੀ ਸੰਬੰਧੀ ਪਾਰਦਰਸ਼ਤਾ ਲਿਆਉਣ ਲਈ ਇਸਤਿਹਾਰਾਂ ਨੂੰ ਆਨਲਾਈਨ ਕਰਨ ਲਈ ਪੰਜਾਬ ਕੋਆਪ੍ਰੇਟਿਵ ਸੋਸਾਇਟੀ ਰੂਲਜ 1963 ਦੇ ਰੂਲ 28 ਅਧੀਨ ਪੰਜਾਬ ਸਟੇਟ ਕੋਆਪ੍ਰੇਟਿਵ ਐਗਰੀ ਸਰਵਿਸ ਸੋਸਾਇਟੀਜ਼ ਸਰਵਿਸ ਰੂਲਜ 1997 ਦੇ ਰੂਲ 5 ਵਿਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਂਦੀ ਹੈ:-

| ਲੜੀ ਨੰ: | ਰੂਲ | ਮੌਜੂਦਾ ਸਰਵਿਸ ਰੂਲ | ਸੋਧਿਆ ਸਰਵਿਸ ਰੂਲ |
|---|---|---|---|
| 1 | 5(iii) | - | When any direct recruitment is made in society a copy of the advertisement of the same should also be ensured to be uploaded on the website of the department through the computer cell of RCS office. It should also be ensured that the advertisement should be uploaded and published in the newspaper simultaneously i.e. on the same day. |

ਉਪਰੋਕਤ ਸੋਧ ਤੁਰੰਤ ਪ੍ਰਭਾਵ ਤੋਂ ਲਾਗੂ ਹੋਵੇਗੀ।

ਮਿਤੀ 04.02.2020

ਵਿਕਾਸ ਗਰਗ
(ਆਈ.ਏ.ਐੱਸ)
ਰਜਿਸਟਰਾਰ,
ਸਹਿਕਾਰੀ ਸਭਾਵਾਂ, ਪੰਜਾਬ,
ਚੰਡੀਗੜ੍ਹ।

ਪਿੱਠ ਅੰਕਣ ਨੰ: ਰਸਸ/ਰਿਣ-2/ਸੀ.ਈ.ਏ.4/ਸੇਵਾ ਨਿਯਮ1997/92 ਮਿਤੀ: 27-02-2020

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੀ ਯੋਗ ਕਾਰਵਾਈ ਦੇ ਲਈ ਭੇਜਿਆ ਜਾਂਦਾ ਹੈ।

1. ਸਮੂਹ ਵਧੀਕ ਰਜਿਸਟਰਾਰ, ਮੁੱਖ ਦਫਤਰ।
2. ਸਮੂਹ ਪ੍ਰਬੰਧ ਨਿਰਦੇਸ਼ਕ, ਪੰਜਾਬ ਰਾਜ ਸਹਿਕਾਰੀ ਸਿਖਰ ਸੰਸਥਾਵਾਂ, ਪੰਜਾਬ ਚੰਡੀਗੜ੍ਹ।
3. ਸਮੂਹ ਸੁਪਰਡੈਂਟ, ਮੁੱਖ ਦਫਤਰ।
4. ਪ੍ਰਬੰਧਕ ਨਿਰਦੇਸ਼ਕ, ਪੰਜਾਬ ਸਟੇਟ ਕੋਆਪ੍ਰੇਟਿਵ ਡਿਵੈਲਪਮੈਂਟ ਫੈਡਰੇਸ਼ਨ ਲਿਮ: (ਪੰਨਕੋਫੈਡ) ਚੰਡੀਗੜ੍ਹ ਨੂੰ ਸੂਚਨਾ ਅਤੇ ਕੋਆਪ੍ਰੇਸ਼ਨ ਰਸਾਲੇ ਵਿਚ ਪ੍ਰਕਾਸ਼ਿਤ ਕਰਨ ਬਾਰੇ।
5. ਸਮੂਹ ਸੰਯੁਕਤ/ਉਪ/ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਰਾਜ ਵਿਚ।

ਸ/ਰ ਵਧੀਕ ਰਜਿਸਟਰਾਰ (ਰਿਣ),
(ਵਾਸਤੇ) ਰਜਿਸਟਰਾਰ ਸਹਿਕਾਰੀ ਸਭਾਵਾਂ,
ਪੰਜਾਬ, ਚੰਡੀਗੜ੍ਹ

Scanned with CamScanner

ਸਮੂਹ ਸੰਯੁਕਤ/ਉਪ/ਸਹਾਇਕ ਰਜਿਸਟਰਾਰ,
ਸਹਿਕਾਰੀ ਸਭਾਵਾਂ (ਖੇਤਰ ਵਿੱਚ)

ਨੰ.ਰਸਸ/ਵਿਣ-2/ਸੀਈਏ-4/173 ਮਿਤੀ 09-06-2080

ਵਿਸ਼ਾ: ਮੁੱਢਲੀਆਂ ਖੇਤੀਬਾੜੀ ਸਹਿਕਾਰੀ ਸਭਾਵਾਂ/ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸਭਾਵਾਂ ਵਿੱਚ ਮੁਲਾਜ਼ਮ ਦੀ ਭਰਤੀ ਸਬੰਧੀ।

ਇਸ ਦਫਤਰ ਦੇ ਹੁਕਮ ਨੰ.ਰਸਸ/ਵਿਣ-2/6601 ਮਿਤੀ 16.08.2016 ਵਿੱਚ ਸੋਧ ਕਰਦੇ ਹੋਏ ਹੇਠ ਲਿਖੇ ਅਨੁਸਾਰ ਹਦਾਇਤ ਕੀਤੀ ਜਾਂਦੀ ਹੈ:-

ਮੁੱਢਲੀਆਂ ਖੇਤੀਬਾੜੀ ਸਹਿਕਾਰੀ ਸਭਾਵਾਂ ਵਿੱਚ ਕਿਸੇ ਵੀ ਤਰ੍ਹਾਂ ਦੇ ਮੁਲਾਜ਼ਮ ਦੀ ਭਰਤੀ ਕਰਨ ਲਈ ਪਿਛਲੇ ਤਿੰਨ ਸਾਲ ਦੀ ਵਿੱਤੀ ਹਾਲਤ ਨੂੰ ਮੁੱਖ ਰੱਖਦੇ ਹੋਏ ਸੰਯੁਕਤ ਰਜਿਸਟਰਾਰ, ਸ/ਸ, ਖੇਤਰ ਵੱਲੋਂ ਆਪਣੇ ਪੱਧਰ ਤੇ ਪ੍ਰਵਾਨਗੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਨਵੇਂ ਕਰਮਚਾਰੀ ਦੀ ਭਰਤੀ ਉਪਰੰਤ ਉਸ ਪਾਸੋਂ ਘੱਟੋ ਸਕਿਉਰਿਟੀ 50,000/- (ਪੰਜਾਹ ਹਜ਼ਾਰ) ਲਏ ਜਾਣੇ ਯਕੀਨੀ ਬਣਾਏ ਜਾਣ।

ਸੰਯੁਕਤ ਰਜਿਸਟਰਾਰ ਵਲੋਂ ਇਹ ਪ੍ਰਵਾਨਗੀ ਸਭਾ ਵਿੱਚ ਮੁਲਾਜ਼ਮ ਰੱਖਣ ਦੀ ਜਰੂਰਤ, ਭਰਤੀ ਸਬੰਧੀ ਨਾਰਮਜ਼, ਰੂਲਾਂ/ਹਦਾਇਤਾਂ, ਸਭਾ ਦਾ ਬਿਜਨੈਸ/ਆਮਦਨ, ਸਭਾ ਦੀ ਵਿੱਤੀ ਸਥਿਤੀ, ਤਨਖਾਹਾਂ ਦਾ ਖਰਚ ਸਹਿਣ ਦੀ ਸਮਰੱਥਾ ਅਤੇ ਹੋਰ ਮਹੱਤਵਪੂਰਨ ਪਹਿਲੂਆਂ ਨੂੰ ਧਿਆਨ ਵਿੱਚ ਰੱਖ ਕੇ ਦਿੱਤੀ ਜਾਵੇਗੀ।

ਸੰਯੁਕਤ ਰਜਿਸਟਰਾਰ ਵੱਲੋਂ ਸਭਾ ਵਿੱਚ ਕਰਮਚਾਰੀ ਰੱਖਣ ਦੀ ਪ੍ਰਵਾਨਗੀ ਸਿਰਫ ਕੰਨਟਰੈਕਟ ਬੇਸਿਸ ਤੇ ਫ਼ਿਕਸ ਰੇਟ ਤੇ ਹੀ ਦਿੱਤੀ ਜਾਵੇਗੀ। ਸਭਾ ਦੇ ਕਿਸੇ ਵੀ ਮੁਲਾਜ਼ਮ ਨੂੰ ਸਭਾ ਵੱਲੋਂ ਆਪਣੇ ਪੱਧਰ ਤੇ ਤਨਖਾਹ ਸਕੇਲ ਨਹੀਂ ਦਿੱਤਾ ਜਾਵੇਗਾ। ਜੇਕਰ ਸਭਾ ਕਿਸੇ ਸਮੇਂ ਘਾਟੇ ਵਿੱਚ ਚਲੀ ਜਾਂਦੀ ਹੈ ਤਾਂ ਇਸ ਨਿਯੁਕਤੀ ਨੂੰ ਰੱਦ ਕਰੇਗੀ।

ਇਹ ਪੱਤਰ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਗਿਆ ਹੈ।

ਦ/ਨ ਸੰਯੁਕਤ ਰਜਿਸਟਰਾਰ (1)

ਪਿ.ਅੰ.ਨੰ. ਰਸਸ/ਵਿਣ-2/ਸੀਈਏ-4/174 ਮਿਤੀ 09-06-2080

ਉਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਭੇਜਿਆ ਜਾਂਦਾ ਹੈ:-

1. ਨਿੱਜੀ ਸਹਾਇਕ/ਰਸਸ ਪੰਜਾਬ ਨੂੰ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਜੀ ਦੀ ਜਾਣਕਾਰੀ ਹਿੱਤ।
2. ਸਮੂਹ ਗਜ਼ਟਿਡ ਅਧਿਕਾਰੀ, ਮੁੱਖ ਦਫਤਰ।

ਦ/ਨ ਸੰਯੁਕਤ ਰਜਿਸਟਰਾਰ

Scanned with CamScanner

Scanned with CamScanner

ਦਫਤਰ ਰਜਿਸਟਰਾਰ ਸਹਿਕਾਰੀ ਸਭਾਵਾਂ,ਪੰਜਾਬ, ਚੰਡੀਗੜ੍ਹ।
(ਰਿਣ-2 ਸ਼ਾਖਾ)

ਵੱਲ

ਸਮੂਹ ਸੰਯੁਕਤ/ਉਪ/ ਸਹਾਇਕ ਰਜਿਸਟਰਾਰ
ਸਹਿਕਾਰੀ ਸਭਾਵਾਂ, ਪੰਜਾਬ।

ਮੀਮੋ ਨੰ: ਰਸਸ/ਰਿਣ-2/ਸੀਈਏ-4/ 186 ਮਿਤੀ 16.6.2021

ਵਿਸ਼ਾ: ਪੈਕਸ ਸਭਾਵਾਂ ਦੇ ਉਪ ਨਿਯਮ 18(3) ਵਿਚ ਸੋਧ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਕੋਆਪ੍ਰੇਟਿਵ ਸੋਸਾਇਟੀਜ਼ ਐਕਟ 1961 ਦੀ ਧਾਰਾ 10 ਤਹਿਤ ਪੈਕਸ ਸਭਾਵਾਂ ਦੇ ਉਪ ਨਿਯਮ 18(3) ਵਿਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਂਦੀ ਹੈ:

| ਪੁਰਾਣਾ ਉਪ ਨਿਯਮ | ਸੋਧਿਆ ਹੋਇਆ ਉਪ ਨਿਯਮ |
|---|---|
| 18(3) ਸਹਿਕਾਰੀ ਸੰਸਥਾਵਾਂ ਸਮੇਤ ਗੈਰ ਮੈਂਬਰਾਂ ਤੋਂ ਕਰਜ਼ੇ ਤੇ ਅਮਾਨਤਾਂ ਲੈ ਕੇ। | 18(3) ਸਹਿਕਾਰੀ ਸੰਸਥਾਵਾਂ ਤੋਂ ਕਰਜ਼ੇ ਤੇ ਅਮਾਨਤਾਂ ਲੈ ਕੇ । |

ਇਹ ਪੱਤਰ ਮਾਨਯੋਗ ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਗਿਆ ਹੈ।

Baljinder

ਹ/ ਸੰਯੁਕਤ ਰਜਿਸਟਰਾਰ (1)

ਪਿੱਠ ਅੰਕਣ ਨੰ: ਰਸਸ/ਰਿਣ-2/ਸੀਈਏ-4/187 ਮਿਤੀ 16-06-2021

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਦੀਂ ਕਾਰਵਾਈ ਹਿਤ ਭੇਜਿਆ ਜਾਂਦਾ ਹੈ:

1. ਸਮੂਹ ਵਧੀਕ ਰਜਿਸਟਰਾਰ ,ਮੁਖ ਦਫਤਰ।
2. ਸਮੂਹ ਪ੍ਰਬੰਧਕ ਨਿਰਦੇਸ਼ਕ,ਰਾਜ ਪੱਧਰੀ ਸਹਿਕਾਰੀ ਸੰਸਥਾਵਾਂ,ਪੰਜਾਬ ਚੰਡੀਗੜ।
3. ਸਮੂਹ ਸੁਪਰਡੈਂਟ,ਮੁਖ ਦਫਤਰ।
4. ਪ੍ਰਬੰਧਕ ਨਿਰਦੇਸ਼ਕ,ਪੰਨਕੋਫੈਡ,ਚੰਡੀਗੜ੍ਹ ਨੂੰ ਸੂਚਨਾ ਅਤੇ ''ਕੋਆਪ੍ਰੇਸਨ ਰਸਾਲੇ'' ਵਿਚ ਪ੍ਰਕਾਸ਼ਿਤ ਕਰਨ ਬਾਰੇ।

Baljinder

ਹ/ ਸੰਯੁਕਤ ਰਜਿਸਟਰਾਰ (1)

Scanned with CamScanner

Scanned with CamScanner